ਵਿਦਿਆਰਥੀਆਂ ਦੇ ਡਾਟਾ ਗੋਪਨੀਯਤਾ ਅਤੇ ਸੁਰੱਖਿਆ ਲਈ ਮਾਤਾ ਪਿਤਾ ਦੇ ਅਧਿਕਾਰ

ਵੈਲੀ ਸਟ੍ਰੀਮ ਕੇਂਦਰੀ ਹਾਈ ਸਕੂਲ ਜ਼ਿਲ੍ਹਾ (VSCHSD) ਦੇ ਹੋਰ ਸਕੂਲ ਅਧਿਕਾਰੀਆਂ ਨੂੰ ਬਿਨ੍ਹਾਂ ਸਹਿਮਤੀ ਦੇ ਵਿਦਿਆਰਥੀ ਰਿਕਾਰਡਾਂ ਨੂੰ ਤੇ ਨਿੱਜੀ ਤੌਰ ਤੇ ਪਛਾਣ ਯੋਗ ਜਾਣਕਾਰੀ (PII) ਦਾ ਖੁਲਾਸਾ ਕਰੇਗੀ, ਜਿਨ੍ਹਾਂ ਨੂੰ ਜ਼ਿਲ੍ਹਾ ਦੇ ਪਾਇਜ ਵਿਦਿਅਕ ਹਿੱਤਾਂ ਲਈ ਨਿਸ਼ਚਿਤ ਕੀਤਾ ਹੈ । ਸਕੂਲ ਅਧਿਕਾਰੀ ਉਹ ਵਿਅਕਤੀ ਹੁੰਦੇ ਹਨ ਜਿੰਨ੍ਹਾਂ ਦੀ ਵਿਦਿਆਰਥੀ ਰਿਕਾਰਡ ਵਿੱਚ ਜਾਇਜ਼ ਸਿੱਖਿਆ ਦੀ ਰੁਚੀ ਹੁੰਦੀ ਹੈ ਜੋ ਜ਼ਿਲ੍ਹਾ ਦੁਆਰਾ ਪ੍ਰਬੰਧਕ, ਸੁਪਰਵਾਈਜ਼ਰ, ਇੰਸਟ੍ਰਕਟਰ ਜਾਂ ਸਹਾਇਕ ਸਟਾਫ ਮੈਂਬਰ (ਸੇਹਤ ਜਾਂ ਮੈਡੀਕਲ ਸਟਾਫ ਅਤੇ ਸਰੁੱਖਿਆਂ ਕਰਮਚਾਰੀਆਂ ਸਮੇਤ) ਵਜੋਂ ਕੰਮ ਕਰਦਾ ਹੈ: ਸਿੱਖਿਆ ਬੋਰਡ ਦਾ ਇੱਕ ਮੈਂਬਰ ਇੱਕ ਵਿਅਕਤੀ ਜਾਂ ਕੰਪਨੀ ਜਿਸਦੇ ਨਾਲ ਜਿਲ੍ਹੇ ਨੇ ਇੱਕ ਵਿਸ਼ੇਸ਼ ਕਾਰਜ ਕਰਨ ਲਈ ਸਮਝੌਤਾ ਕੀਤਾ ਹੈ (ਜਿਵੇਂ ਕਿ ਅਟਾਰਨੀ (ਵਕੀਲ), ਆਡੀਟਰ, ਮੈਡੀਕਲ ਸਲਾਹਕਾਰ ਜਾਂ ਚਿਕਿਤਸਕ) ਜਾਂ ਕੋਈ ਸਰਕਾਰੀ ਕਮੇਟੀ ਵਿੱਚ ਸੇਵਾ ਕਰ ਰਹੇ ਮਾਤਾ ਪਿਤਾ ਜਾਂ ਵਿਦਿਆਰਥੀ ਜਿਵੇਂ ਅਨੁਸ਼ਾਸਨੀ ਜਾਂ ਸ਼ਿਕਾਇਤ ਕਮੇਟੀ ਜਾਂ ਦੂਜੇ ਸਕੂਲ ਦੇ ਅਫ਼ਸਰ ਦੇ ਕੰਮਾਂ ਵਿੱਚ ਮਦਦ ਕਰ ਰਹੇ ਹੋਣ ।

ਇੱਕ ਸਕੂਲ ਅਧਿਕਾਰੀ ਦੀ ਇੱਕ ਜਾਇਜ਼ ਸਿੱਖਿਆ ਰੁਚੀ ਹੁੰਦੀ ਹੈ ਜਾਂ ਉਹਨਾਂ ਨੂੰ ਆਪਣੀਆਂ ਪੇਸ਼ੇਵਾਰ ਜ਼ਿੰਮੇਵਾਰੀਆਂ ਨਿਭਾਉਣ ਲਈ ਕਿਸੀ ਵਿਦਿਆਰਥੀ ਦੇ ਰਿਕਾਰਡ ਦੀ ਸਮੀਖਿਆ ਕਰਨ ਦੀ ਜਰੂਰਤ ਹੁੰਦੀ ਹੈ ।

ਬੇਨਤੀ ਕਰਨ ਤੇ, ਜ਼ਿਲ੍ਹਾ ਕਿਸੇ ਹੋਰ ਸਕੂਲ ਜ਼ਿਲੇ ਦੀ ਅਧਿਕਾਰੀ ਦੀ ਸਹਿਮਤੀ ਤੋਂ ਬਿਨ੍ਹਾਂ ਸਿੱਖਿਆ ਰਿਕਾਰਡ ਦਾ ਖੁਲਾਸਾ ਕਰੇਗਾ ਜਿੱਥੇ ਇੱਕ ਵਿਦਿਆਰਥੀ ਦਾਖਲ ਹੋਣਾ ਚਾਹੁੰਦਾ ਹੈ ਜਾਂ ਦਾਖਲ ਹੋ ਚੁੱਕਿਆ ਹੈ ।

PII ਤੀਜੀ ਧਿਰ ਦੇ ਅਧਿਕਾਰਤ ਨੁਮਾਇੰਦਿਆਂ ਨੂੰ ਵਿੱਦਿਅਕ ਪ੍ਰੋਗਰਾਮ ਦੀ ਸਮੀਖਿਆ, ਮੁਲਾਂਕਣ, ਲਾਗੂਕਰਨ ਜਾਂ ਪਾਲਣਾ ਦੇ ਉਦੇਸ਼ਾਂ ਲਈ ਜਾਰੀ ਕੀਤੀ ਜਾਏਗੀ ।

ਜ਼ਿਲ੍ਹਾ, ਆਪਣੀ ਮਰਜ਼ੀ ਅਨੁਸਾਰ, ਡਾਇਰੈਕਟਰੀ ਜਾਣਕਾਰੀ, ਬਿਨ੍ਹਾਂ ਸਹਿਮਤੀ ਦੇ ਜਾਰੀ ਕਰਦਾ ਹੈ, ਜਦ ਤੱਕ ਮਾਤਾ-ਪਿਤਾ/ਸਰਪ੍ਰਸਤ ਜਾਂ ਯੋਗ ਵਿਦਿਆਰਥੀ ਬਿਨ੍ਹਾਂ ਲਿਖਤ ਸਹਿਮਤੀ ਦੇ ਜਾਣਕਾਰੀ ਨੂੰ ਜਾਰੀ ਕਰਨ ਤੇ ਰੋਕ ਲਗਾਉਣ ਦੇ ਆਪਣੇ ਅਧਿਕਾਰ ਦੀ ਵਰਤੋਂ ਨਹੀਂ ਕਰਦੇ ।

ਬੇਨਤੀ ਕਰਨ ਤੇ ਜ਼ਿਲ੍ਹਾ ਇੱਕ ਹਾਈ ਸਕੂਲ ਦੇ ਵਿਦਿਆਰਥੀ ਦਾ ਨਾਮ, ਪਤਾ ਅਤੇ ਫੋਨ ਨੰਬਰ, ਫੌਜੀ ਭਰਤੀ ਕਰਨ ਵਾਲਿਆਂ ਅਤੇ ਉੱਚ ਸਿਖਲਾਈ ਦੀਆਂ ਸੰਸਥਾਵਾਂ ਨੂੰ ਦਸ ਦੇਵੇਗਾ ਜਦ

ਤੱਕ ਮਾਤਾ ਪਿਤਾ ਜਾਂ ਸੈਕੰਡਰੀ ਸਕੂਲ ਦੇ ਵਿਦਿਆਰਥੀ ਬਿਨ੍ਹਾਂ ਲਿਖਤੀ ਸਹਿਮਤੀ ਤੋਂ ਜਾਣਕਾਰੀ ਜਾਰੀ ਕਰਨ ਤੇ ਰੋਕ ਲਗਾਉਣ ਦੇ ਆਪਣੇ ਅਧਿਕਾਰ ਦੀ ਵਰਤੋਂ ਨਹੀਂ ਕਰਦੇ ।

VSCHSD, PII ਤੇ ਅਣਅਧਿਕਾਰਤ ਹਮਲੇ ਦੇ ਜੋਖਮ ਦੀ ਪਛਾਣ ਕਰਦਿਆਂ, ਰਾਜ ਅਤੇ ਸੰਘੀ ਕਾਨੂੰਨ ਦੇ ਅਨੁਸਾਰ ਅਣਅਧਿਕਾਰਤ ਪਹੁੰਚ ਜਾਂ ਖੁਲਾਸੇ ਤੋਂ ਵਿੱਦਿਅਕ ਰਿਕਾਰਡਾਂ ਵਿੱਚ ਵਿਦਿਆਰਥੀ ਦੀ PII ਦੀ ਰਾਖੀ ਕਰਨ ਦੀ ਆਪਣੀ ਵਚਨਬੱਧਤਾ ਦੀ ਪੁਸ਼ਟੀ ਕਰਦਾ ਹੈ ।

VSCHSD ਹੇਠ ਦਿੱਤੇ ਅਧਿਕਾਰਾਂ ਦੇ ਬਿੱਲ ਨੂੰ ਸਥਾਪਿਤ ਕਰਦਾ ਹੈ :-

- ਰਾਜ ਅਤੇ ਸੰਘੀ ਕਾਨੂੰਨ ਦੇ ਅਨੁਸਾਰ ਵਿਦਿਅਕ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਜੋ ਸਿਰਫ਼ ਜ਼ਰੂਰੀ ਹੋਵੇਗਾ ਉਹੀ ਵਿਦਿਆਰਥੀ PII ਨੂੰ ਇਕੱਤਰ ਕੀਤਾ ਜਾਵੇਗਾ ਅਤੇ ਖੁਲਾਸਾ ਕੀਤਾ ਜਾਵੇਗਾ ।
- ਕਿਸੇ ਵਿਦਿਆਰਥੀ ਦੇ PII ਨੂੰ ਕਿਸੇ ਤੀਜੀ ਧਿਰ ਦੇ ਠੇਕੇਦਾਰ ਦੁਆਰਾ ਕਿਸ ਮਾਰਕੀਟਿੰਗ ਜਾਂ ਵਾਪਾਰਿਕ ਉਦੇਸ਼ਾਂ ਲਈ ਵੇਚਿਆ ਜਾਂ ਜਾਰੀ ਨਹੀਂ ਕੀਤਾ ਜਾਵੇਗਾ । ਜ਼ਿਲ੍ਹਾ, ਵਿਦਿਆਰਥੀ PII ਨੂੰ ਵਾਪਾਰਿਕ ਉਦੇਸ਼ਾਂ ਲਈ ਨਹੀਂ ਵੇਚੇਗਾ ।
- ਮਾਤਾ ਪਿਤਾ ਆਪਣੇ ਬੱਚੇ ਦੇ ਸਿੱਖਿਆ ਰਿਕਾਰਡ ਦੀ ਪੂਰੀ ਸਮੱਗਰੀ ਦਾ ਮੁਆਇਨਾ ਕਰਨ ਅਤੇ ਸਮੀਖਿਆ ਕਰਨ ਦਾ ਅਧਿਕਾਰ ਰੱਖਦੇ ਹਨ (ਇਸ ਅਧਿਕਾਰ ਦੀ ਵਰਤੋਂ ਸਾਰੇ ਵਧੇਰੇ ਜਾਣਕਾਰੀ ਲਈ, 5500 - ਆਰ ਦੇਖੋ)
- ਰਾਜ ਤੇ ਸੰਘੀ ਕਾਨੂੰਨ, ਜਿਵੇਂ FERPA ਵਿਦਿਆਰਥੀਆਂ ਦੀ ਗੋਪਨੀਯਤਾ ਦੀ ਰੱਖਿਆ ਕਰਨ ਲਈ, ਉਦਯੋਗ ਦੇ ਮਿਆਰਾਂ ਅਤੇ ਵਧੀਆਂ ਤਰੀਕਿਆਂ ਨਾਲ ਜੁੜੇ ਸੁਰੱਖਿਆ, ਸਮੇਤ ਪਰ ਇੱਥੇ ਤੱਕ ਸਿਮਤ ਨਹੀਂ, ਇਨਕਰਿਪਸ਼ਨ, ਫਾਇਰਵਾਲ ਅਤੇ ਪਾਸਵਰਡ ਸੁਰੱਖਿਆ ਸ਼ਾਮਿਲ ਹਨ, ਲਾਜ਼ਮੀ ਤੌਰ ਤੇ ਰੱਖੇ ਜਾਣੇ ਚਾਹੀਦੇ ਹਨ ਜਦੋਂ ਡਾਟਾ ਸਟੋਰ ਜਾਂ ਟ੍ਰਾਂਸਫਰ ਕੀਤਾ ਜਾਂਦਾ ਹੈ ।
- ਸਟੇਟ ਸਿੱਖਿਆ ਵਿਭਾਗ ਦੁਆਰਾ ਸਾਰੇ ਵਿਦਿਆਰਥੀ ਡਾਟਾ ਐਲੀਮੈਂਟਸ ਦੀ ਪੂਰੀ ਸੂਚੀ ਜਨਤਕ ਸਮੀਖਿਆ ਲਈ : http://www.pl2.nysed.gov/irs/sirs ਜਾਂ ਲਿਖਤ ਬੇਨਤੀ ਇਸ ਪਤੇ ਤੇ ਭੇਜ ਕੇ :-

  Office of information & Reporting services
  New York state Education Department
  Room 863 EBA, 89 Washington Ave.
  Albany NY 12234

- ਸੰਭਾਵਤ ਉਲੰਘਣਾਵਾਂ ਅਤੇ ਵਿਦਿਆਰਥੀਆਂ ਦੇ ਅੰਕੜਿਆਂ ਤੇ ਅਣਅਧਿਕਾਰਤ ਖੁਲਾਸੇ ਬਾਰੇ ਸ਼ਿਕਾਇਤ ਕਰਣ ਦਾ ਮਾਤਾ-ਪਿਤਾ ਨੂੰ ਅਧਿਕਾਰ ਹੈ, ਸ਼ਿਕਾਇਤ ਦੇ ਨਿਰਦੇਸ਼ਣ :-

  Superintendent of Schools
  1 Kent Rd,
  Valley Stream NY 11010

  ਜਾਂ ਫੋਨ ਕਰਕੇ - (516) 872-5601 ਤੇ ਕੀਤਾ ਜਾ ਸਕਦਾ ਹੈ । ਡਾਕ ਰਾਹੀਂ :-

  Chief Privacy Officer,
  New York State Education Department
  89 Washington Ave,
  Albany NY 12234

  ਆਨਲਾਈਨ ਇਸ ਪਤੇ ਤੇ :-

  http://www.nysed.gov/data-privacy-security/report-improper-disclosure

  ਈਮੇਲ ਰਾਹੀਂ : privacy@mail.nysed.gov.

  ਜਾਂ ਫੋਨ ਕਰਕੇ - (518) 474-0937

- ਜੇ ਉਹਨਾਂ ਦੇ ਵਿਦਿਆਰਥੀ ਦੀ P11 ਦੀ ਉਲੰਘਣਾ ਜਾਂ ਅਣਅਧਿਕਾਰਤ ਤਰੀਕੇ ਨਾਲ ਜਾਰੀ ਹੁੰਦੀ ਹੈ ਤਾਂ ਮਾਤਾ ਪਿਤਾ ਨੂੰ ਲਾਗੂ ਕਾਨੂੰਨਾਂ ਅਤੇ ਨਿਯਮਾਂ ਅਨੁਸਾਰ ਸੂਚਿਤ ਕਰਨ ਦਾ ਅਧਿਕਾਰ ਹੁੰਦਾ ਹੈ ।
- ਮਾਤਾ ਪਿਤਾ ਇਹ ਉਮੀਦ ਕਰ ਸਕਦੇ ਹਨ ਕਿ ਵਿਦਿਅਕ ਏਜੰਸੀ ਦੇ ਕਰਮਚਾਰੀ ਜੋ P11 ਦੀ ਰੱਖਿਆ ਕਰਦੇ ਹਨ, ਲਾਗੂ ਹੁੰਦੇ ਰਾਜ ਅਤੇ ਸੰਘੀ ਕਾਨੂੰਨਾਂ, ਨਿਯਮਾਂ, ਵਿਦਿਅਕ ਏਜੰਸੀ ਦੀਆਂ ਨੀਤੀਆਂ ਅਤੇ ਸੁਰੱਖਿਆ ਬਾਰੇ ਲਾਲਾਨਾਂ ਟ੍ਰੇਨਿੰਗ ਪ੍ਰਾਪਤ ਕਰਦੇ ਹੋਣਗੇ ਜੋ ਉਦਯੋਗ ਦੇ ਮਾਪਦੰਡਾਂ ਅਤੇ PII ਦੀ ਸੁਰਖਿਆ ਲਈ ਸਭ ਤੋਂ ਵਧੀਆ ਤਰੀਕੇ ਹੋਣਗੇ ।

ਤੀਜੀ ਧਿਰ ਦੇ ਠੇਕੇਦਾਰ

ਅਜਿਹੀ ਸਥਿਤੀ ਵਿੱਚ ਜਦੋਂ ਜਿਲਾ ਵਿਦਿਆਰਥੀ ਵਿਦਿਅਕ ਸੇਵਾਵਾਂ ਪ੍ਰਦਾਨ ਕਰਨ ਲਈ ਤੀਜੀ ਧਿਰ ਪ੍ਰਦਾਤਾ ਨੂੰ ਸ਼ਾਮਲ ਕਰਦਾ ਹੈ, ਠੇਕੇਦਾਰਾਂ ਜਾਂ ਉਪ ਨਿਬੰਧਕਾਂ ਨੂੰ ਵਿਦਿਆਰਥੀ PII ਦੀ ਰਾਖੀ ਲਈ ਰਾਜ ਅਤੇ ਸੰਘੀ ਕਾਨੂੰਨਾਂ ਦੀ ਪਾਲਣਾ ਕਰਨ ਦੀ ਜ਼ਿੰਮੇਵਾਰੀ ਹੋਵੇਗੀ।

ਜਿਲਾ ਆਪਣੀ ਵੈਬਸਾਈਟ ਤੇ ਕਿਸੇ ਵੀ ਇਕਰਾਰਨਾਮੇ ਜਾਂ ਕਿਸੇ ਤੀਜੀ ਧਿਰ ਦੇ ਠੇਕੇਦਾਰਾਂ ਨਾਲ ਹੋਰ ਲਿਖਤੀ ਸਮਝੌਤੇ ਲਈ ਅਧਿਕਾਰਾਂ ਦੇ ਬਿੱਲ ਦੀ ਪੂਰਕ ਪ੍ਰਕਾਸ਼ਣ ਕਰੇਕਾ ਜੋ ਵੀ PII ਪ੍ਰਾਪਤ ਕਰੇਗਾ ।

ਅਧਿਕਾਰਾਂ ਅਤੇ ਪੂਰਕ ਜਾਣਕਾਰੀ ਦੇ ਬਿੱਲ ਨੂੰ ਵਿਦਿਅਕ ਏਜੰਸੀ ਦੇ ਡਾਟਾ ਅਤੇ ਜਾਂ ਟੈਕਨੌਲੋਜੀ ਦੇ ਸੁਨਿਆਦੀ ਢਾਂਚੇ ਦੀ ਗੌਪਨੀਯਤਾ ਅਤੇ ਜਾਂ ਸੁਰੱਖਿਆ ਦੀ ਰਾਖੀ ਲਈ ਜਰੂਰੀ ਹੱਦ ਤੱਕ ਦੁਬਾਰਾ ਕੀਤਾ ਜਾ ਸਕਦਾ ਹੈ ।

ਤੀਜੀ ਧਿਰ ਦੇ ਠੇਕੇਦਾਰਾਂ ਨੂੰ ਇਹ ਵੀ ਲੋੜੀਂਦਾ ਹੈ :-

- ਕਿਸੇ ਵੀ ਅਧਿਕਾਰੀ ਕਰਮਚਾਰੀਆਂ ਜਾਂ ਸਹਾਇਕ ਨੂੰ ਗੋਪਨੀਸ਼ਤਾ ਨੂੰ ਨਿਯੰਤਰਿਤ ਕਰਨ ਵਾਲੇ ਸੰਘੀ ਅਤੇ ਰਾਜ ਦੇ ਕਾਨੂੰਨ ਬਾਰੇ ਟ੍ਰੇਨਿੰਗ ਪ੍ਰਦਾਨ ਕਰੋ ਜਿਨ੍ਹਾਂ ਕੋਲ ਵਿਦਿਆਰਥੀ ਡਾਟਾ ਜਾਂ ਅਧਿਆਪਕ ਜਾਂ ਪ੍ਰਿੰਸੀਪਲ ਡਾਟਾ ਤੱਕ ਪਹੁੰਚ ਹੈ ।
- ਸਿੱਖਿਆ ਦੇ ਰਿਕਾਰਡਾਂ ਦੀ ਅੰਦਰੁਨੀ ਪਹੁੰਚ ਨੂੰ ਉਨ੍ਹਾਂ ਵਿਅਕਤੀਆਂ ਤੱਕ ਸੀਮਿਤ ਕਰੋ ਜਿਨ੍ਹਾਂ ਕੋਲ ਅਜਿਹੇ ਰਿਕਾਰਡਾਂ ਵਿੱਚ ਜਾਇਜ ਵਿਦਿਅਕ ਰੁਚੀ ਹੈ ।
- ਇਕਰਾਰਨਾਮੇ ਵਿੱਚ ਸਪਸ਼ਟ ਤੌਰ ਤੇ ਅਧਿਕਾਰਤ ਲੋਕਾਂ ਨਾਲੋ ਕਿਸੇ ਵੀ ਉਦੇਸ਼ ਲਈ ਦਿਅਕ ਰਿਕਾਰਡਾਂ ਦੀ ਵਰਤੋਂ ਨਾ ਕਰੋ ।
- PII ਦਾ ਕਿਸੇ ਹੋਰ ਧਿਰ ਨੂੰ ਖੁਲਾਸਾ ਨਾ ਕਰੋ (i) ਮਾਤਾ ਪਿਤਾ ਜਾਂ ਯੋਗ ਵਿਦਿਆਰਥੀ ਦੀ ਲਿਖਤ ਸਹਿਮਤੀ ਤੋਂ ਬਿਨਾਂ ਜਾਂ (ii) ਜਦੋਂ ਤੱਕ ਕਾਨੂੰਨੀ ਜਾਂ ਅਦਾਲਤ ਦੇ ਆਦੇਸ਼ ਦੁਆਰਾ ਲੋੜੀਂਦਾ ਨਹੀਂ ਹੁੰਦਾ ਅਤੇ ਤੀਜੀ ਧਿਰ ਦੇ ਠੇਕੇਦਾਰ ਨੇ ਨਿਉਯਾਰਕ ਸਟੇਟ ਸਿੱਖਿਆ ਵਿਭਾਗ ਨੂੰ ਖੁਲਾਸੇ ਦਾ ਨੋਟਿਸ ਨਹੀਂ ਦਿੱਤਾ, ਸਿੱਖਿਆ ਬੋਰਡ ਜਾਂ ਸੰਸਥਾ ਜਿਸਨੇ ਜਾਣਕਾਰੀ ਦਾ ਖੁਲਾਸਾ ਹੋਣ ਦੇ ਸਮੇਂ ਤੋਂ ਬਾਅਦ ਵਿੱਚ ਜਾਣਕਾਰੀ ਪ੍ਰਦਾਨ ਕੀਤੀ, ਜਦ ਤੱਕ ਖੁਲਾਸੇ ਦਾ ਨੋਟਿਸ ਦੇਣਾ ਕਾਨੂੰਨੀ ਜਾਂ ਅਦਾਲਤ ਦੇ ਆਦੇਸ਼ ਦੁਆਰਾ ਸਪਸ਼ਟ ਤੌਰ ਤੇ ਵਰਜਿਤ ਨਹੀਂ ਹੁੰਦਾ;
- ਇਸ ਦੀ ਹਿਰਾਸਤ ਵਿੱਚ PII ਦੀ ਸੁਰੱਖਿਆ, ਗੋਪਨੀਸ਼ਤਾ ਅਤੇ ਆਖੰਡਤਾ ਦੀ ਰੱਖਿਆ ਲਈ ਉਚਿਤ ਪ੍ਰਬੰਧਕੀ, ਤਕਨੀਕੀ ਅਤੇ ਸਰੀਰਕ ਸੁਰੱਖਿਆ ਨੂੰ ਬਣਾਈ ਰੱਖੋ ।
- ਸਿੱਖਿਆ ਕਾਨੂੰਨ 2d ਵਿੱਚ ਦਰਸਾਏ ਅਨੁਸਾਰ ਖੁਲਾਸੇ ਤੋਂ ਜੋ ਅਣਅਧਿਕਾਰਤ ਹੈ, ਗਤੀ ਦੌਰਾਨ ਜਾਂ ਇਸਦੀ ਹਿਰਾਸਤ ਵਿਚ ਹੋਣ ਵਾਲੇ ਡਾਟਾ ਦੀ ਰੱਖਿਆ ਕਰਨ ਲਈ ਇਨਕ੍ਰਿਪਸ਼ਨ ਤਕਨੀਕ ਦੀ ਵਰਤੋਂ ਕਰੋ ।

- ਸੁਰੱਖਿਆ ਦੇ ਕਿਸੇ ਵੀ ਉਲੰਘਣਾ ਦੇ ਜਿਲੇ ਨੂੰ ਸੂਚਿਤ ਕਰੋ ਜਿਸ ਦੇ ਨਤੀਜੇ ਵਜੋਂ ਵਿਦਿਆਰਥੀ ਦੇ ਅੰਕੜਿਆਂ, ਅਧਿਆਪਕਾਂ ਦਾ ਡਾਟਾ ਜਾਂ ਪ੍ਰਿੰਸੀਪਲ ਦਾ ਡਾਟਾ ਨੂੰ ਅਣਅਧਿਕਾਰਤ ਤੌਰ ਤੇ ਜਾਰੀ ਕੀਤਾ ਜਾ ਸਕੇ, ਸਭ ਤੋਂ ਵਧੀਆ ਤਰੀਕੇ ਨਾਲ ਅਤੇ ਬਿਨਾਂ ਕਿਸੇ ਦੇਰੀ ਦੇ ।
- ਇਕ ਡਾਟਾ ਸੁਰੱਖਿਆ ਅਤੇ ਗੋਪਨੀਯਤਾ ਯੋਜਨਾ ਪ੍ਰਦਾਨ ਕਰੋ ਜਿਸ ਵਿੱਚ ਦੱਸਿਆ ਹੈ ਕਿ ਕਿਵੇਂ ਸਾਰੇ ਰਾਜ, ਸੰਘੀ ਅਤੇ ਸਥਾਨਕ ਡਾਟਾ ਸਰੁੱਖਿਆ ਅਤੇ ਗੋਪਨੀਯਤਾ ਇਕਰਾਰਨਾਮੇ ਦੀਆਂ ਜਰੂਰਤਾਂ ਨੂੰ ਇਕਾਰਨਾਮੇ ਦੇ ਜੀਵਨ ਵਿੱਚ ਲਾਗੂ ਕੀਤਾ ਜਾਵੇਗਾ ।
- ਜਿਲੇ ਨੂੰ ਇਸ ਅਧਿਕਾਰ ਬਿੱਲ ਦੀ ਦਸਤਖਤ ਕੀਤੀ ਕਾਪੀ ਪ੍ਰਦਾਨ ਕਰੋ ਜਿਸ ਨਾਲ ਇਹ ਸਵੀਕਾਰ ਕੀਤਾ ਜਾਵੇ ਕਿ ਉਹ ਅਧਿਕਾਰਾਂ ਦੇ ਇਸ ਬਿਲ ਦੀ ਪਾਲਣਾ ਕਰਨ ਲਈ ਜਾਣੂ ਹਨ ਅਤੇ ਸਹਿਮਤ ਹਨ । ਮਾਤਾ ਪਿਤਾ ਤੀਜੇ ਪੱਖ ਦੇ ਠੇਕੇਦਾਰਾਂ ਬਾਰੇ ਜਾਣਕਾਰੀ ਲਈ ਬੇਨਤੀ ਕਰ ਸਕਦੇ ਹਨ । ਪਾਠਕ੍ਰਮ ਅਤੇ ਹਦਾਇਤਾਂ ਲਈ ਸਹਾਇਕ ਸੁਪਰਿੰਟੈਂਡੈਂਟ, 1 ਕੈਂਟ ਰੋਡ, ਵੈਲੀ ਸਟ੍ਰੀਮ ਨਿਉ ਯਾਰਕ 11010 ਜਾਂ (516) 872-5607 ਤੇ ਕਾਲ ਕਰੋ ।